

# ਪੂਰੇ ਪਰਿਵਾਰ ਲਈ ਛੋਟਾਂ ਅਤੇ ਪ੍ਰੋਮੋਸ਼ਨ

ਸੁੰਦਰ ਪਾਰਕ, ਮਜ਼ੇਦਾਰ ਪਰਿਵਾਰਕ ਆਕਰਸ਼ਣ, ਸ਼ਾਨਦਾਰ ਖਰੀਦਦਾਰੀ, ਸ਼ਾਨਦਾਰ ਰੈਸਟੋਰੈਂਟ ਅਤੇ ਹੋਰ ਵੀ ਬਹੁਤ ਕੁਝ ਘੱਟ ਖਰਚ ਵਿੱਚ ਪਾਓ!

- 12 ਸਾਲ ਅਤੇ ਇਸਤੋਂ ਘੱਟ ਉਮਰ ਦੇ ਬੱਚਿਆਂ ਲਈ ਮੁਫ਼ਤ ਯਾਤਰਾ
- ਵੀਕਡੇ ਗਰੁੱਪ ਪਾਸ 2 ਲੋਕਾਂ ਲਈ $30 ਤੋਂ ਸ਼ੁਰੂ
- $10 ਦਾ ਵੀਕਐਂਡ ਡੇ ਪਾਸ
- ਬਜ਼ੁਰਗਾਂ ਨਾਗਰਿਕਾਂ ਅਤੇ ਵਿਦਿਆਰਥੀਆਂ ਲਈ ਛੋਟ

# ਤੁਸੀਂ GO ਲਈ ਤਿਆਰ ਹੋ!

**ਨਵੇਂ ਲੋਕਾਂ ਲਈ ਬੇਹਤਰੀਨ ਸੁਝਾਵਾਂ ਅਤੇ ਹਾਈਲਾਈਟਸ ਵਾਲੇ ਨਾਲ ਸਾਡੇ ਈਮੇਲ ਨਿਊਜ਼ਲੈਟਰ ਲਈ ਸਾਈਨ ਅੱਪ ਕਰਨਾ ਨਾ ਭੁੱਲੋ:**

**gotransit.com/welcome**

ਜੇਕਰ ਤੁਹਾਡੇ ਕੋਈ ਸਵਾਲ ਹਨ ਤਾਂ:

ਇੱਥੇ ਟੈਕਸਟ ਕਰੋ 1-888-GET-ON-GO (438-6646) ਟੋਲ-ਫ੍ਰੀ

**ਵਧੂ ਭਾਸ਼ਾਵਾਂ ਵਿੱਚ ਜਾਣਕਾਰੀ ਲਈ, QR ਕੋਡ ਨੂੰ ਸਕੈਨ ਕਰੋ।**

# ਸਿਸਟਮ ਦਾ ਨਕਸ਼ਾ

## SYSTEM MAP




# ਪੀਅਰਸਨ ਏਅਰਪੋਰਟ ਤੱਕ ਤਣਾਅ-ਮੁਕਤ ਯਾਤਰਾ ਲਈ UP ਐਕਸਪ੍ਰੈਸ ਟ੍ਰੇਨ ਲਵੋ।

ਇਸ ਵਿੱਚ ਸਿਰਫ 25 ਮਿੰਟ ਜਾਂ ਉਸ ਨਾਲੋਂ ਵੀ ਘੱਟ ਸਮਾਂ ਲੱਗਦਾ ਹੈ ਅਤੇ ਬੱਚਿਆਂ ਲਈ ਇਹ ਮੁਫ਼ਤ ਹੈ! ਇਹ ਏਅਰਪੋਰਟ ਤੱਕ ਜਾਣ ਦਾ ਸਭ ਨਾਲੋਂ ਤੇਜ਼, ਆਸਾਨ ਅਤੇ ਸਭ ਤੋਂ ਕਿਫਾਇਤੀ ਤਰੀਕਾ ਹੈ।

ਵਧੇਰੀ ਜਾਣਕਾਰੀ ਲਈ

**upexpress.com** 'ਤੇ ਜਾਓ।



**UP**
**Union Pearson Express**

# ਨਵਿਆਂ ਨੂੰ, ਜੀ ਆਇਆਂ ਨੂੰ!





# ਆਪਣੇ ਨਵੇਂ ਘਰ ਦਾ ਪਤਾ ਲਗਾਓ!

ਜਿਵੇਂ ਕਿ ਤੁਸੀਂ ਗ੍ਰੇਟਰ ਟੋਰਾਂਟੋ ਅਤੇ ਹੈਮਿਲਟਨ ਏਰੀਆ (GTHA) ਵਿੱਚ ਵੱਸ ਰਹੇ ਹੋ, ਤਾਂ ਇਸਦੇ ਨਾਲ ਹੀ ਇਹ ਜਾਣਕਾਰੀ ਵੀ ਪਾਓ ਕਿ ਕਿਵੇਂ GO ਟ੍ਰਾਂਜ਼ਿਟ, UP ਐਕਸਪ੍ਰੈਸ ਅਤੇ PRESTO ਖੇਤਰ ਦੇ ਆਲੇ-ਦੁਆਲੇ ਦੀ ਯਾਤਰਾ ਨੂੰ ਤੇਜ਼ ਅਤੇ ਆਸਾਨ ਬਣਾਉਂਦੇ ਹਨ।

- GO ਟ੍ਰਾਂਜ਼ਿਟ ਦੇ ਨਾਲ, ਟ੍ਰੇਨਾਂ ਅਤੇ ਬੱਸਾਂ, ਤੁਹਾਨੂੰ ਪੂਰੇ ਖੇਤਰ ਵਿੱਚ ਹਰ ਜਗ੍ਹਾ ਲੈ ਜਾਂਦੀਆਂ ਹਨ, ਜਿੱਥੇ ਤੁਸੀਂ ਜਾਣਾ ਚਾਹੁੰਦੇ ਹੋ।
- UP ਐਕਸਪ੍ਰੈਸ ਟ੍ਰੇਨ ਡਾਊਨਟਾਊਨ ਟੋਰਾਂਟੋ ਤੋਂ ਏਅਰਪੋਰਟ ਦਾ ਸਫ਼ਰ 25 ਤਣਾਅ-ਮੁਕਤ ਮਿੰਟਾਂ ਵਿੱਚ ਪੂਰਾ ਕਰਦੀ ਹੈ।
- PRESTO ਕਾਰਡ ਪੂਰੇ ਖੇਤਰ ਵਿੱਚ GO, UP ਅਤੇ ਸਥਾਨਕ ਆਵਾਜਾਈ 'ਤੇ ਤੁਹਾਡੇ ਆਵਾਜਾਈ ਦੇ ਕਿਰਾਏ ਦਾ ਭੁਗਤਾਨ ਕਰਨ ਦਾ ਸਭ ਤੋਂ ਆਸਾਨ ਤਰੀਕਾ ਹੈ।

ਇਸ ਗਾਈਡਬੁੱਕ ਨੂੰ ਆਪਣੇ ਕੋਲ ਰੱਖੋ ਅਤੇ ਜਨਤਕ ਆਵਾਜਾਈ 'ਤੇ ਆਸਾਨੀ ਨਾਲ ਯਾਤਰਾ ਕਰਨ ਲਈ ਇਸਦੀ ਵਰਤੋਂ ਕਰੋ।

ਵਧੇਰੀ ਜਾਣਕਾਰੀ ਲਈ, ਇੱਥੇ ਜਾਓ:
**gotransit.com/welcome**

# PRESTO ਕਾਰਡ

ਆਪਣੇ PRESTO ਕਾਰਡ ਦੀ ਵਰਤੋਂ ਕਰੋ GO ਟ੍ਰੇਨਾਂ ਅਤੇ ਬੱਸਾਂ ਦੇ ਨਾਲ-ਨਾਲ ਹੋਰ ਸਥਾਨਕ ਆਵਾਜਾਈ ਦੌਰਾਨ ਕਿਰਾਏ ਦਾ ਭੁਗਤਾਨ ਕਰਨ ਲਈ ਕਰੋ।




**ਸਭ ਤੋਂ ਪਹਿਲਾਂ,ਤੁਹਾਨੂੰ ਕਾਰਡ ਵਿੱਚ ਪੈਸੇ ਪਾਉਣ ਦੀ ਲੋੜ ਹੈ। ਹੇਠ ਦਿੱਤੀਆਂ ਨਿਰਦੇਸ਼ਾਂ ਦੀ ਪਾਲਣਾ ਕਰੋ:**

ਕਾਰਡ ਵਿੱਚ ਪੈਸੇ ਪਾਉਣ ਲਈ ਇਹਨਾਂ ਤਰੀਕਿਆਂ ਵਿੱਚੋਂ ਕਿਸੇ ਇੱਕ ਦੀ ਵਰਤੋਂ ਕਰੋ:

- PRESTO ਮੋਬਾਈਲ ਐਪ ਡਾਊਨਲੋਡ ਕਰੋ ਜਾਂ ਔਨਲਾਈਨ **prestocard.ca** 'ਤੇ ਜਾਓ
- GO ਟ੍ਰੇਨ ਜਾਂ TTC ਸਟੇਸ਼ਨ 'ਤੇ PRESTO ਸੈਲਫ-ਸਰਵ ਮਸ਼ੀਨ ਦੀ ਵਰਤੋਂ ਕਰੋ
- ਭਾਗ ਲੈਣ ਵਾਲੇ ਸ਼ੌਪਰਸ ਡਰੱਗ ਮਾਰਟ ਸਟੋਰ 'ਤੇ ਜਾਓ ਅਤੇ ਗਾਹਕ ਸੇਵਾ ਪ੍ਰਤੀਨਿਧੀ ਨੂੰ ਪੁੱਛੋ



# GO ਟ੍ਰੇਨ ਜਾਂ GO ਬੱਸ ਵਿੱਚ ਯਾਤਰਾ ਕਰਨ ਲਈ PRESTO ਨਾਲ ਭੁਗਤਾਨ ਕਿਵੇਂ ਕਰੀਏ

1. GO ਟ੍ਰੇਨ ਲਈ, ਯਾਤਰਾ ਕਰਨ ਤੋਂ ਪਹਿਲਾਂ ਸਟੇਸ਼ਨ 'ਤੇ ਲੱਗੇ PRESTO ਮਸ਼ੀਨ 'ਤੇ ਆਪਣਾ PRESTO ਕਾਰਡ ਟੈਪ ਕਰੋ ਅਤੇ ਫਿਰ ਆਪਣੀ ਮੰਜ਼ਿਲ 'ਤੇ ਉਤਰਨ ਤੋਂ ਬਾਅਦ ਦੁਬਾਰਾ ਟੈਪ ਕਰੋ।
2. GO ਬੱਸ ਲਈ, ਬੱਸ 'ਤੇ ਚੜ੍ਹਦੇ ਵੇਲੇ ਆਪਣਾ ਕਾਰਡ ਟੈਪ ਕਰੋ ਅਤੇ ਫਿਰ ਜਦੋਂ ਤੁਸੀਂ ਆਪਣੀ ਮੰਜ਼ਿਲ 'ਤੇ ਉਤਰਦੇ ਹੋ ਤਾਂ ਦੁਬਾਰਾ ਟੈਪ ਕਰੋ

**ਯਾਦ ਰੱਖੋ! ਟ੍ਰੇਨ ਜਾਂ ਬੱਸ ਤੋਂ ਉਤਾਰਨ ਦੇ ਨਾਲ ਹੀ ਹਮੇਸ਼ਾ ਆਪਣੇ PRESTO ਕਾਰਡ ਨੂੰ ਟੈਪ ਕਰੋ, ਨਹੀਂ ਤਾਂ ਤੁਹਾਡੇ ਤੋਂ ਵਾਧੂ ਪੈਸੇ ਲਏ ਜਾਣਗੇ।**

# PRESTO ਪਰਕਸ ਦੇ ਨਾਲ ਆਨੰਦ ਲਓ ਅਤੇ ਬਚਤ ਕਰੋ!

ਆਪਣਾ PRESTO ਕਾਰਡ ਦਿਖਾ ਕੇ ਕਈ ਥਾਵਾਂ 'ਤੇ ਛੋਟ ਪਾਓ:

ਵਿਸ਼ਵ-ਪ੍ਰਸਿੱਧ ਨਿਆਗਰਾ ਫਾਲਸ ਲਈ GO ਟ੍ਰੇਨ ਲਵੋ ਅਤੇ PRESTO ਦੇ ਨਾਲ ਬਚਤ ਕਰੋ। PRESTO ਪਰਕਸ ਬਾਰੇ ਹੋਰ ਵੇਰਵਿਆਂ ਲਈ **prestocard.ca/perks** 'ਤੇ ਜਾਓ



# GO ਟ੍ਰਾਂਜ਼ਿਟ 'ਤੇ ਯਾਤਰਾ ਦੀ ਯੋਜਨਾ ਕਿਵੇਂ ਬਣਾਈਏ

**gotransit.com** 'ਤੇ ਹੋਮ ਪੇਜ਼ ਦੇ ਹੇਠਾਂ **"ਆਪਣੀ ਯਾਤਰਾ ਦੀ ਯੋਜਨਾ ਬਣਾਓ"** ਦੀ ਚੋਣ ਕਰੋ:

1. ਯਾਤਰੀਆਂ ਦੀ ਗਿਣਤੀ
2. **"ਰਵਾਨਗੀ ਸਮਾ◌ਂ"** ਜਾਂ **"ਪਹੁੰਚ ਸਮਾ◌ਂ"** ਦੀ ਚੋਣ ਕਰੋ
3. ਆਪਣਾ ਸ਼ੁਰੂਆਤੀ ਸਥਾਨ ਅਤੇ ਅੰਤਮ ਸਥਾਨ ਦਰਜ਼ ਕਰੋ
4. ਯਾਤਰਾ ਦੀ ਮਿਤੀ
5. ਯਾਤਰਾ ਦਾ ਸਮਾਂ
6. **"ਖੋਜੋ"** ਦਬਾਓ

# ਓਨਟਾਰੀਓ ਦੇ 'ਵਨ ਫੇਅਰ' ਦੇ ਨਾਲ ਆਵਾਜਾਈ 'ਤੇ ਪੈਸੇ ਬਚਾਓ!

ਜਦੋਂ ਤੁਸੀਂ GO 'ਤੇ ਯਾਤਰਾ ਕਰਦੇ ਹੋ ਅਤੇ PRESTO ਨਾਲ ਭੁਗਤਾਨ ਕਰਦੇ ਹੋ, ਤਾਂ ਸਥਾਨਕ ਆਵਾਜਾਈ ਲਈ ਅਤੇ ਆਉਣ-ਜਾਣ ਲਈ ਟ੍ਰਾਂਸਫਰ ਮੁਫ਼ਤ ਹੁੰਦਾ ਹੈ। ਜਦੋਂ ਤੁਸੀਂ GO 'ਤੇ ਯਾਤਰਾ ਕਰਦੇ ਹੋ ਅਤੇ PRESTO ਨਾਲ ਭੁਗਤਾਨ ਕਰਦੇ ਹੋ, ਤਾਂ ਸਥਾਨਕ ਆਵਾਜਾਈ ਲਈ ਅਤੇ ਆਉਣ-ਜਾਣ ਲਈ ਟ੍ਰਾਂਸਫਰ ਮੁਫ਼ਤ ਹੁੰਦਾ ਹੈ।

ਬਜ਼ੁਰਗਾਂ ਨਾਗਰਿਕਾਂ ਅਤੇ ਵਿਦਿਆਰਥੀਆਂ ਲਈ 'ਵਨ ਫੇਅਰ' ਅਤੇ ਹੋਰ ਛੋਟ ਵਾਲੇ ਕਿਰਾਏ ਬਾਰੇ ਜਾਣਕਾਰੀ ਲਈ ਸਾਡੀ ਵੈੱਬਸਾਈਟ **gotransit.com/welcome** 'ਤੇ ਜਾਓ